ਮਾਰਚ 2023

# DEI ਨੀਤੀ ਬਿਆਨ ਨੂੰ ਪੇਸ਼ ਕਰਨਾ

## ਪ੍ਰਸਤਾਵਨਾ

ਕਮਿੰਗਜ਼ ਸੈਂਟਰ, ਸਿਹਤਮੰਦ ਬੁਢਾਪੇ ਦੇ ਖੇਤਰ ਵਿੱਚ ਮੋਹਰੀ, ਇੱਕ ਗੈਰ-ਮੁਨਾਫ਼ਾ, ਮੈਂਬਰਸ਼ਿਪ-ਅਧਾਰਤ ਭਾਈਚਾਰਕ ਸੰਸਥਾ ਹੈ, ਜੋ ਮੌਂਟ੍ਰੀਅਲ, ਕਿਊਬੇਕ ਵਿੱਚ ਸਥਿਤ ਹੈ ਅਤੇ 50+ ਉਮਰ ਵਾਲੀ ਅਬਾਦੀ ਲਈ ਸੇਵਾ ਨਿਭਾਉਂਦੀ ਹੈ। ਅਬਾਦੀ ਦੇ ਇਸ ਹਿੱਸੇ ਦੀਆਂ ਉਭਰਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਅਤੇ ਆਪਣੇ ਵਲੰਟੀਅਰਾਂ, ਮੈਂਬਰਾਂ, ਦਾਨੀਆਂ ਅਤੇ ਕਰਮਚਾਰੀਆਂ ਦੇ ਜਨੂੰਨ ਅਤੇ ਵੰਨ-ਸੁਵੰਨਤਾ ਨੂੰ ਅਧਾਰ ਬਣਾਉਂਦੇ ਹੋਏ, ਕਮਿੰਗਜ਼ ਸੈਂਟਰ ਨੇ ਆਪਣੀ ਰਣਨੀਤਕ ਯੋਜਨਾ ਨੂੰ ਮੁੜ ਤਾਜ਼ਾ ਬਣਾਉਣ ਦੇ ਹਿੱਸੇ ਵਜੋਂ, ਵੰਨ-ਸੁਵੰਨਤਾ, ਨਿਰਪੱਖਤਾ ਅਤੇ ਸਮਾਵੇਸ਼ (ਸ਼ਾਮਲ ਕੀਤੇ ਜਾਣ) ਨਾਲ ਨਜਿੱਠਣ ਅਤੇ ਸੰਸਥਾ ਦੇ ਸਾਰੇ ਪਹਿਲੂਆਂ ਨਾਲ ਸਬੰਧਤ ਮਹਿਸੂਸ ਕਰਨ ਲਈ ਇੱਕ ਬਹੁ-ਪੱਖੀ ਦ੍ਰਿਸ਼ਟੀਕੋਣ ਅਪਣਾਇਆ ਹੈ।

ਕੇਂਦਰ ਦੇ DEI ਯਤਨਾਂ ਨੂੰ ਅੱਗੇ ਵਧਾਉਣ ਵਾਸਤੇ ਆਪਣੀਆਂ ਕਦਰਾਂ-ਕੀਮਤਾਂ ਨੂੰ ਅਧਾਰ ਬਣਾਉਂਦੇ ਹੋਏ, ਬੋਰਡ ਆਫ਼ ਡਾਇਰੈਕਟਰਜ਼ ਦੇ ਤਹਿਤ ਇੱਕ ਵੰਨ-ਸੁਵੰਨਤਾ, ਨਿਰਪੱਖਤਾ ਅਤੇ ਸਮਾਵੇਸ਼ ਟਾਸਕ ਫ਼ੋਰਸ (ਕਾਰਜ ਦਲ) ਦਾ ਗਠਨ ਕੀਤਾ ਗਿਆ ਸੀ। ਇਸ ਤਰ੍ਹਾਂ, ਹੇਠਾਂ ਦਿੱਤੇ DEI ਨੀਤੀ ਬਿਆਨ ਨੂੰ ਲੜੀਵਾਰ ਫ਼ੋਕਸ ਗਰੁੱਪਾਂ ਅਤੇ ਬੋਰਡ ਆਫ਼ ਡਾਇਰੈਕਟਰਜ਼ ਤੋਂ ਫ਼ੀਡਬੈਕ ਨਾਲ ਤਿਆਰ ਕੀਤਾ ਗਿਆ ਸੀ।

## ਬਿਆਨ

*ਬਜ਼ੁਰਗਾਂ ਲਈ ਕਮਿੰਗਜ਼ ਯਹੂਦੀ ਕੇਂਦਰ ਇੱਕ ਅਜਿਹੀ ਸਮਾਵੇਸ਼ੀ ਸੰਸਥਾ ਬਣਾਉਣ ਲਈ ਵਚਨਬੱਧ ਹੈ ਜਿੱਥੇ ਹਰ ਕਿਸੇ ਨੂੰ ਇਹ ਮਹਿਸੂਸ ਹੋਵੇ ਕਿ ਉਹ ਉਸ ਨਾਲ ਸਬੰਧਤ ਹੈ ਅਤੇ ਉਸ ਕੋਲ ਮੌਕਿਆਂ ਅਤੇ ਤਰੱਕੀ ਤਕ ਬਰਾਬਰ ਦੀ ਪਹੁੰਚ ਹੈ। ਅਸੀਂ ਇੱਕ ਅਜਿਹੀ ਸੰਸਥਾ ਹਾਂ ਜੋ ਵੰਨ-ਸੁਵੰਨਤਾ ਨੂੰ ਉਤਸ਼ਾਹਤ ਅਤੇ ਉਸ ਦੀ ਕਦਰ ਕਰਦੀ ਹੈ। ਅਸੀਂ ਨਸਲ, ਧਰਮ, ਜਾਤੀਅਤਾ, ਉਮਰ, ਸਮਾਜਕ ਆਰਥਕ ਰੁਤਬੇ, ਭਾਸ਼ਾ, ਜਿਨਸੀ ਝੁਕਾਅ, ਲਿੰਗੀ ਪਛਾਣ, ਅਪਾਹਜਤਾ, ਜਾਂ ਕਿਸੇ ਵੀ ਹੋਰ ਕਾਰਕ ਦੀ ਪਰਵਾਹ ਕੀਤੇ ਬਗੈਰ, ਸਭਨਾਂ ਦਾ ਸੁਆਗਤ ਅਤੇ ਸਤਿਕਾਰ ਕਰਦੇ ਹਾਂ।* ਅਸੀਂ ਕਿਸੇ ਵੀ ਅਧਾਰ 'ਤੇ ਵਿਤਕਰੇ ਨੂੰ ਸਹਿਨ ਨਹੀਂ ਕਰਾਂਗੇ। *ਇਕੱਠੇ ਮਿਲ ਕੇ, ਅਸੀਂ ਸਭ ਨੂੰ ਸ਼ਾਮਲ ਕਰਨ ਵਾਲੇ ਇੱਕ ਅਜਿਹੇ ਸੱਭਿਆਚਾਰ ਦਾ ਨਿਰਮਾਣ ਕਰਨ ਲਈ ਉੱਦਮ ਕਰਦੇ ਹਾਂ ਜੋ ਸਾਡੇ ਸਟਾਫ਼, ਸਾਡੇ ਵਾਲੰਟੀਅਰਾਂ, ਸਾਡੇ ਮੈਂਬਰਾਂ ਅਤੇ ਸਾਡੇ ਗਾਹਕਾਂ ਦੀਆਂ ਭਾਂਤ-ਭਾਂਤ ਦੀਆਂ ਅਵਾਜ਼ਾਂ ਨੂੰ ਉਤਸ਼ਾਹਤ ਕਰਦਾ, ਉਹਨਾਂ ਨੂੰ ਸਹਿਯੋਗ ਦਿੰਦਾ ਅਤੇ ਜਸ਼ਨ ਮਨਾਉਂਦਾ ਹੈ।*

*ਸਭ ਨੂੰ ਸ਼ਾਮਲ ਕਰਨ ਲਈ ਸਾਡੀ ਵਚਨਬੱਧਤਾ ਸਾਡੀਆਂ ਸੰਸਥਾਗਤ ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ, ਸਾਡੀਆਂ ਰੁਜ਼ਗਾਰ ਸਬੰਧੀ ਕਾਰਜ-ਪ੍ਰਣਾਲੀਆਂ ਵਿੱਚ, ਸਾਡੀ ਰਣਨੀਤਕ ਯੋਜਨਾ ਵਿੱਚ, ਸਾਡੇ ਸੰਸਥਾਗਤ ਟੀਚਿਆਂ ਵਿੱਚ ਦਿਖਾਈ ਦੇਵੇਗੀ ਅਤੇ ਸਾਡੀ ਵੰਨ-ਸੁਵੰਨੀ ਪ੍ਰੋਗਰਾਮਿੰਗ ਅਤੇ ਸਰੋਤਾਂ ਦੀ ਵੰਡ ਵਿੱਚ ਸਪਸ਼ਟ ਦਿਖਾਈ ਦੇਵੇਗੀ।*

***ਕਮਿੰਗਜ਼ ਸੈਂਟਰ ਦੀਆਂ ਕਦਰਾਂ-ਕੀਮਤਾਂ ਵਿੱਚ ਇਹ ਸ਼ਾਮਲ ਹਨ: ਸਤਿਕਾਰ, ਮਾਣ, ਵੰਨ-ਸੁਵੰਨਤਾ, ਨਿਰਪੱਖਤਾ, ਸਭ ਨੂੰ ਸ਼ਾਮਲ ਕਰਨਾ, ਸ਼ਕਤੀਕਰਣ, ਉੱਤਮਤਾ, ਦਇਆ ਅਤੇ**

## ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ- DEI ਪ੍ਰਤੀ ਸਾਡੀ ਵਚਨਬੱਧਤਾ

1. ਸਭ ਤੋਂ ਵਧੀਆ ਕਾਰਜ-ਪ੍ਰਣਾਲੀਆਂ ਨੂੰ ਸਹਿਯੋਗ ਦੇਣ ਲਈ **ਮਨੁੱਖੀ ਸਰੋਤਾਂ ਅਤੇ ਵਿੱਤੀ ਸਰੋਤਾਂ, ਦੋਵਾਂ ਨੂੰ ਇਕਸਾਰ ਬਣਾਉਣਾ**
2. **ਸਿਖਲਾਈ ਅਤੇ ਪੇਸ਼ੇਵਰ ਵਿਕਾਸ** ਦੇ ਮੌਕੇ **ਮੁਹੱਈਆ ਕਰਾਉਣਾ**
3. **ਪ੍ਰਸ਼ਾਸਨ ਵਿੱਚ ਵਿਭਿੰਨਤਾ ਨੂੰ ਤਰਜੀਹ ਦੇਣਾ**

4. **ਪਹੁੰਚਯੋਗਤਾ ਵਿੱਚ ਸੁਧਾਰ ਲਿਆਉਣਾ**- ਪਹੁੰਚਯੋਗਤਾ ਲਈ ਸਭ ਤੋਂ ਵਧੀਆ ਕਾਰਜ-ਪ੍ਰਣਾਲੀਆਂ ਦੀ ਸਮੀਖਿਆ ਕਰਨਾ ਅਤੇ ਉਹਨਾਂ ਨੂੰ ਲਾਗੂ ਕਰਨਾ ਜਿਹਨਾਂ ਵਿੱਚ ਸ਼ਾਮਲ ਹਨ: ਕੇਂਦਰ ਦੀਆਂ ਸਹੂਲਤਾਂ, ਤਕਨੀਕੀ ਅਤੇ ਸੰਚਾਰ ਦੇ ਪਲੇਟਫ਼ਾਰਮ

**ਅੱਜ ਤਕ ਦੀਆਂ ਪ੍ਰਾਪਤੀਆਂ**

1. ਭਾਈਚਾਰਕ ਭਾਗੀਦਾਰਾਂ ਅਤੇ ਭਾਈਚਾਰਕ ਸੰਸਥਾਵਾਂ ਅਤੇ ਸਟਾਫ਼ ਸਮੇਤ **ਫ਼ੋਕਸ ਗਰੁੱਪਾਂ ਦਾ ਲੜੀਵਾਰ ਆਯੋਜਨ ਕੀਤਾ****
2. ਵੱਖ-ਵੱਖ ਉਮਰਾਂ, ਸੱਭਿਆਚਾਰਾਂ, ਯੋਗਤਾਵਾਂ, ਜਿਨਸੀ ਪਛਾਣਾਂ, ਭਾਸ਼ਾਵਾਂ ਨੂੰ ਦਰਸਾਉਣ ਵਾਲੇ ਇੱਕ ਵਧੇਰੇ ਵੰਨ-ਸੁਵੰਨੇ ਕਾਰਜ ਦਲ ਨੂੰ ਉਤਸ਼ਾਹਤ ਕਰਨ ਲਈ **ਭਰਤੀ ਦੇ ਦਾਇਰੇ ਦਾ ਵਿਸਤਾਰ ਕੀਤਾ** ਤਾਂ ਜੋ ਅਸੀਂ ਉਹਨਾਂ ਬਹੁ-ਭਾਂਤੀ ਗਾਹਕਾਂ ਦੀ ਨੁਮਾਇੰਦਗੀ ਕਰ ਸਕੀਏ ਜਿਹਨਾਂ ਦੀ ਅਸੀਂ ਸੇਵਾ ਕਰਨੀ ਚਾਹੁੰਦੇ ਹਾਂ
3. ਪ੍ਰੋਗਰਾਮਾਂ ਦੇ ਇੱਕੋ ਸਮੇਂ ਅਨੁਵਾਦ ਦੇ ਜ਼ਰੀਏ ਫ੍ਰੈਂਚ ਅਤੇ ਰੂਸੀ ਬੋਲਣ ਵਾਲੇ 50+ ਉਮਰ ਦੇ ਬਾਲਗਾਂ ਲਈ **ਪਹੁੰਚਯੋਗਤਾ ਵਿੱਚ ਵਾਧਾ**
4. ਆਪਣੇ ਫ੍ਰੈਂਚ ਮੀਡੀਆ ਦੇ ਖਰਚੇ ਨੂੰ ਵਧਾ ਕੇ ਅਤੇ ਸਲਾਹ-ਮਸ਼ਵਰੇ ਦੇ ਵੰਨ-ਸੁਵੰਨਤਾ ਭਰੇ ਮੇਜ਼ਾਂ ਦੇ ਨਾਲ-ਨਾਲ ਸੇਫ਼ਾਰਡਿਕ ਗਰੁੱਪਾਂ ਵਿੱਚ ਆਪਣੇ ਨੈੱਟਵਰਕ ਨੂੰ ਵਧਾ ਕੇ ਅਤੇ ਫ਼ਾਇਦਾ ਉਠਾਉਂਦੇ ਹੋਏ **ਫ੍ਰੈਂਕੋਫੋਨਾਂ ਤਕ ਆਪਣੀ ਪਹੁੰਚ ਦਾ ਵਿਸਤਾਰ ਕੀਤਾ**
5. *LGBTQ+, ਅੰਤਰ-ਧਰਮ, ਸੱਭਿਆਚਾਰਕ ਵੰਨ-ਸੁਵੰਨਤਾ, ਅਪਾਹਜਤਾ ਸਮਾਵੇਸ਼ ਅਤੇ CDN ਭਾਈਚਾਰੇ ਨੂੰ ਦਰਸਾਉਣ ਵਾਲੀਆਂ ਸੰਸਥਾਵਾਂ ਨਾਲ* ***ਭਾਗੀਦਾਰੀ ਬਣਾਈ।***
6. ***DEI*** *ਦੀਆਂ ਸਭ ਤੋਂ ਵਧੀਆ ਕਾਰਜ-ਪ੍ਰਣਾਲੀਆਂ* ***'ਤੇ ਸਟਾਫ਼ ਅਤੇ ਵਾਲੰਟੀਅਰਾਂ ਲਈ ਟ੍ਰੇਨਿੰਗ ਮੁਹੱਈਆ ਕਰਾਈ***

*** ਫ਼ੋਕਸ ਗਰੁੱਪ #1- ਅੰਗ੍ਰੇਜ਼ੀ (TIP OA, Gay and Grey, JEM Workshop, Beth Tikvah Synagogue, B'nai Brith ਨਿਵਾਸ)*
*- ਫ਼ੋਕਸ ਗਰੁੱਪ#2- ਫ੍ਰੈਂਚ (Centraide, Université du Québec à Trois-Rivières, Maison de la culture Cote des Neiges de CDN, Centre des Ainés Côte-des-Neiges, Centre des Femmes du monde à Côte-des-Neiges, Club Ami, Fondation Émergence-défense des droits LGBTQ+, SPVM district 26, Santé publique de Montréal)*
*- ਫ਼ੋਕਸ ਗਰੁੱਪ #3- ਕੇਂਦਰ ਦੇ ਅੰਦਰ ਸਾਰੇ ਵਿਭਾਗਾਂ ਦਾ ਸਟਾਫ਼*